# ਰੈਫਰੀਜੇਰੇਸ਼ਨ ਮਕੈਨਿਕ



"ਮੈਂ ਆਪਣੇ ਰਾਹ ਵਿਚ ਆਉਣ ਵਾਲੀ ਕਿਸੇ ਵੀ ਏਅਰ ਕੰਡੀਸ਼ਨਿੰਗ ਜਾਂ ਹੀਟਿੰਗ ਦੀ ਸਮੱਸਿਆ ਨੂੰ ਠੀਕ ਕਰਨ ਦੇ ਯੋਗ ਹੋਣ ਲਈ ਲੋੜੀਂਦੀ ਲਚਕਸ਼ੀਲਤਾ ਦਾ ਆਨੰਦ ਮਾਣਦਾ ਹਾਂ।"

## ਇਸ ਕਿੱਤੇ ਬਾਰੇ

ਰੈਫਰੀਜੇਰੇਸ਼ਨ ਮਕੈਨਿਕ ਉਹ ਸਾਜ਼-ਸਾਮਾਨ ਬਣਾਉਂਦੇ, ਇਨਸਟਾਲ ਕਰਦੇ, ਬਦਲਦੇ, ਰਿਪੇਅਰ ਕਰਦੇ ਅਤੇ ਸਰਵਿਸ ਕਰਦੇ ਹਨ ਜਿਹੜਾ ਫਰੀਜ਼, ਠੰਢਾ ਕਰਦਾ ਅਤੇ/ਜਾਂ ਗਰਮ ਕਰਦਾ ਹੈ। ਇਹ ਸਾਜ਼-ਸਾਮਾਨ ਇੰਡਸਟਰੀਅਲ, ਕਮਰਸ਼ੀਅਲ, ਸੰਸਥਾਈ ਅਤੇ ਰਿਹਾਇਸ਼ੀ ਖੇਤਰਾਂ ਵਿਚ ਵਰਤਿਆ ਜਾਂਦਾ ਹੈ। ਆਪਣੀ ਅਪਰੈਂਟਿਸਸ਼ਿਪ ਮੁਕੰਮਲ ਕਰ ਲੈਣ `ਤੇ ਉਨ੍ਹਾਂ ਕੋਲ ਬੀ ਸੀ ਗੈਸ ਫਿਟਰ ਦੀ ਟਿਕਟ ਵੀ ਹੋਵੇਗੀ।

ਘੰਟੇ ਦੀ ਤਨਖਾਹ

**$65.80/ਪ੍ਰਤੀ ਘੰਟਾ**

ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)

2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ਤੁਸੀਂ ਰਲ ਕੇ ਕੰਮ ਕਰਦੇ ਹੋ।
- ਤੁਸੀਂ ਮੁਹਾਰਤ ਨਾਲ ਸਹੀ ਕੰਮ ਕਰਦੇ ਹੋ।
- ਤੁਸੀਂ ਸਰੀਰਕ ਤੌਰ `ਤੇ ਤੰਦਰੁਸਤ ਹੋ।

## ਜ਼ਿੰਮੇਵਾਰੀਆਂ

- ਹੀਟਿੰਗ, ਵੈਂਟੀਲੇਸ਼ਨ ਅਤੇ ਏਅਰ ਕੰਡੀਸ਼ਨਿੰਗ ਵਿਚ ਮਕੈਨੀਕਲ ਸਿਸਟਮਾਂ ਅਤੇ ਕੰਟਰੋਲਾਂ ਨੂੰ ਹਟਾਉਣਾ, ਚਾਰਜ ਕਰਨਾ, ਚਾਲੂ ਕਰਨਾ, ਇੰਸਪੈਕਸ਼ਨ ਕਰਨਾ, ਚਲਾਉਣਾ, ਸੰਭਾਲ ਅਤੇ ਸਰਵਿਸ ਕਰਨਾ ਜਿਸ ਵਿਚ ਰੈਟਰੋਫਿਟਸ, ਸੋਲਰ ਸਿਸਟਮ, ਰੈਫਰੀਜੇਰੇਸ਼ਨ ਅਤੇ ਫੂਡ ਸਟੋਰ ਦਾ ਸਾਜ਼-ਸਾਮਾਨ ਸ਼ਾਮਲ ਹਨ
- ਰੈਫਰੀਜੀਰੈਂਟਸ ਦੀ ਸੁਰੱਖਿਅਤ ਵਰਤੋਂ ਅਤੇ ਸਟੋਰੇਜ, ਲੀਕ ਤੋਂ ਰੋਕਥਾਮ, ਰੈਫਰੀਜੀਰੈਂਟਸ ਦੀ ਰੈਨੋਵੇਸ਼ਨ ਅਤੇ ਰੀਸਾਇਕਲਿੰਗ ਬਾਰੇ ਗਿਆਨ ਨੂੰ ਲਾਗੂ ਕਰਨਾ
- ਯੋਜਨਾਬੱਧ ਡਰਾਇੰਗਜ਼ ਅਤੇ ਟਰੱਬਲਸ਼ੂਟਿੰਗ ਨੂੰ ਸਮਝਣਾ
- ਵੈਲਡਿੰਗ ਅਤੇ ਬਰੇਜ਼ਿੰਗ ਦੇ ਸਾਜ਼-ਸਾਮਾਨ ਦੀ ਵਰਤੋਂ ਕਰਦੇ ਹੋਏ ਪਾਈਪਾਂ ਨੂੰ ਮਿਣਨਾ, ਕੱਟਣਾ ਅਤੇ ਜੋੜਨਾ
- ਲੋੜ ਮੁਤਾਬਕ ਰੈਫਰੀਜੀਰੈਂਟ ਗੈਸਾਂ ਨਾਲ ਸਿਸਟਮਾਂ ਨੂੰ ਰੀਚਾਰਜ ਕਰਨਾ
- ਛੱਤਾਂ ਉਪਰਲੇ ਯੂਨਿਟਾਂ ਨੂੰ ਗੈਸ ਨਾਲ ਜੋੜਨਾ, ਸਿਸਟਮਾਂ ਨੂੰ ਟੈੱਸਟ ਅਤੇ ਬੈਲੇਂਸ ਕਰਨਾ ਅਤੇ ਇਲੈਕਟ੍ਰੀਕਲ ਸਿਸਟਮਾਂ ਨੂੰ ਜੋੜਨਾ
- ਕੰਪਿਊਟਰਾਈਜ਼ਡ ਕੰਟਰੋਲਾਂ ਨੂੰ ਵਰਤਣਾ ਅਤੇ ਅਡਜਸਟ ਕਰਨਾ ਅਤੇ ਲੋਡਜ਼ ਦਾ ਹਿਸਾਬ ਲਾਉਣ ਲਈ ਕੰਪਿਊਟਰ ਸੌਫਟਵੇਅਰ ਦੀ ਵਰਤੋਂ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼):**

ਗਰੇਡ 12 ਡਿਪਲੋਮਾ, ਸਮੇਤ ਇਨ੍ਹਾਂ ਦੇ:

- ਇੰਗਲਿਸ਼ 12
- ਮੈਥ 11 (ਐਪਲੀਕੇਸ਼ਨਜ਼ ਔਫ ਮੈਥ 11 ਜਾਂ ਪ੍ਰਿੰਸੀਪਲਜ਼ ਔਫ ਮੈਥ 11)
- ਫਿਜ਼ਿਕਸ 11 (ਗਰੇਡ 12 ਮੁਕੰਮਲ ਕਰਨ ਨੂੰ ਤਰਜੀਹ)

**ਅਪਰੈਂਟਿਸਸ਼ਿਪ ਪ੍ਰੋਗਰਾਮ:**

4 ਸਾਲ, ਜਿਸ ਵਿਚ 990 ਘੰਟਿਆਂ ਦੀ ਟੈਕਨੀਕਲ ਟਰੇਨਿੰਗ, 6,210 ਘੰਟਿਆਂ ਦੀ ਜੌਬ `ਤੇ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। (ਕਲਾਸ ਬੀ ਗੈਸ ਫਿਟਰ ਲਾਇਸੰਸ ਲਈ ਜੌਬ ਤੇ ਟਰੇਨਿੰਗ ਦੇ ਹੋਰ 1,500 ਘੰਟਿਆਂ ਦੀ ਲੋੜ ਹੈ।) ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਅਤੇ ਇੰਟਰ-ਪ੍ਰੋਵਿੰਸ਼ਲ ਰੈੱਡ ਸੀਲ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ
- ਸਮੱਸਿਆ ਦਾ ਹੱਲ ਕਰਨ ਅਤੇ ਕ੍ਰਿਟੀਕਲ ਸੋਚਣੀ ਦੇ ਵਧੀਆ ਹੁਨਰ
- ਸਰੀਰਕ ਤੰਦਰੁਸਤੀ ਅਤੇ 25 ਕਿਲੋਗ੍ਰਾਮ ਭਾਰ ਚੁੱਕਣ ਦੀ ਸਮਰੱਥਾ
- ਹੱਥਾਂ ਦੀ ਫੁਰਤੀ ਨਾਲ ਮਕੈਨੀਕਲ ਰੁਚੀ
- ਵੱਖ ਵੱਖ ਮੌਸਮਾਂ ਵਿਚ ਬਾਹਰ ਕੰਮ ਕਰਨ ਦੀ ਸਮਰੱਥਾ
- ਆਜ਼ਾਦ ਕੰਮ ਕਰਨ ਦੀ ਸਮਰੱਥਾ
- ਹੋਰਨਾਂ ਨਾਲ ਚੰਗੀ ਤਰ੍ਹਾਂ ਰਲ ਕੇ ਕੰਮ ਕਰਨ ਦੀ ਸਮਰੱਥਾ

## ਕੀ ਤੁਹਾਨੂੰ ਪਤਾ ਸੀ?

ਰੈਫਰੀਜੇਰੇਸ਼ਨ ਮਕੈਨਿਕਾਂ ਨੂੰ ਰੈਫਰੀਜੇਰੇਸ਼ਨ ਅਤੇ ਏਅਰ ਕੰਡੀਸ਼ਨਿੰਗ ਸਿਸਟਮਾਂ ਵਿਚ ਵਰਤੇ ਜਾਂਦੇ ਵੱਖ ਵੱਖ ਸਾਜ਼-ਸਾਮਾਨ ਨੂੰ ਸਮਝਣ ਲਈ ਬਹੁ-ਗੁਣੀ ਹੋਣ ਦੀ ਲੋੜ ਹੈ।

RTi Refrigeration Training Institute

College of the BC Building Trades

info@collegeofthebcbt.ca | www.collegeofthebcbt.ca